# ਕੋਵਿਡ-19 ਵੈਕਸੀਨ

## ਅਕਸਰ ਪੁੱਛੇ ਜਾਂਦੇ ਸਵਾਲ

FAQ (ਅਕਸਰ ਪੁੱਛੇ ਜਾਂਦੇ ਸਵਾਲ)

ਆਖਰੀ ਵਾਰ ਅੱਪਡੇਟ ਕੀਤਾ: 17 ਮਈ 2021

### ਕੋਵਿਡ-19 ਵੈਕਸੀਨ ਕਿਵੇਂ ਵਿਕਸਤ ਕੀਤੀ ਗਈ ਸੀ? ਕੀ ਇਸ ਵਿੱਚ ਜਲਦਬਾਜ਼ੀ ਕੀਤੀ ਗਈ ਸੀ? ਕੀ ਉਹ ਸੁਰੱਖਿਅਤ ਹਨ?

- ਜਦੋਂ ਕੋਵਿਡ-19 ਵਾਇਰਸ ਦਾ ਪਹਿਲੀ ਵਾਰ ਪਤਾ ਲੱਗਾ ਸੀ, ਦੁਨੀਆ ਭਰ ਦੇ ਬਹੁਤ ਸਾਰੇ ਵਿਗਿਆਨੀਆਂ ਨੇ ਇਸ ਨਾਲ ਲੜਨ ਲਈ ਵੈਕਸੀਨ ਬਣਾਉਣ ਦਾ ਕੰਮ ਕਰਨਾ ਸ਼ੁਰੂ ਕੀਤਾ। ਆਮ ਤੌਰ 'ਤੇ ਕੋਈ ਵੈਕਸੀਨ ਤਿਆਰ ਕਰਨ ਵਿੱਚ ਲੰਮਾ ਸਮਾਂ ਲੱਗਦਾ ਹੈ। ਇਸ ਵਾਰ ਹਰ ਇੱਕ ਨੇ ਮਿਲ ਕੇ ਕੰਮ ਕੀਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਲੋੜੀਂਦੇ ਪੈਸੇ, ਲੋਕ ਅਤੇ ਸਹੀ ਸਾਧਨ ਸਨ ਜਿਸ ਨਾਲ ਵੈਕਸੀਨ ਬਣਾਉਣ ਦੇ ਕਈ ਕਦਮਾਂ ਨੂੰ ਇੱਕੋ ਸਮੇਂ 'ਤੇ ਕੀਤਾ ਜਾ ਸਕੇ। ਰਸਤੇ ਵਿੱਚ ਹਰੇਕ ਕਦਮ 'ਤੇ ਸੁਰੱਖਿਆ ਦੀ ਜਾਂਚ ਕੀਤੀ ਗਈ।
- ਹਰ ਸਾਲ ਵਿਗਿਆਨੀ ਮੌਸਮੀ ਫਲੂ ਲਈ ਇੱਕ ਸੁਰੱਖਿਅਤ, ਨਵੀਂ ਵੈਕਸੀਨ ਤਿਆਰ ਕਰਦੇ ਹਨ।
- ਜਦੋਂ ਕੁਝ ਨਵਾਂ ਹੁੰਦਾ ਹੈ ਤਾਂ ਚਿੰਤਤ ਜਾਂ ਅਸਪੱਸ਼ਟ ਮਹਿਸੂਸ ਕਰਨਾ ਆਮ ਹੁੰਦਾ ਹੈ। ਪਰ, ਹੈਲਥ ਕਨੇਡਾ ਦੀ ਇੱਕ ਸਾਵਧਾਨੀ ਵਾਲੀ ਪ੍ਰਵਾਨਗੀ ਪ੍ਰਕਿਰਿਆ ਹੈ ਜੋ ਇਹ ਪੱਕਾ ਕਰਦੀ ਹੈ ਕਿ ਸਾਡੇ ਦੁਆਰਾ ਲਈਆਂ ਜਾਂਦੀਆਂ ਸਾਰੀਆਂ ਵੈਕਸੀਨਾਂ ਅਤੇ ਦਵਾਈਆਂ ਸੁਰੱਖਿਅਤ ਹਨ।
- ਡਾਕਟਰਾਂ ਅਤੇ ਵਿਗਿਆਨੀਆਂ ਨੇ ਇਹ ਨਿਸ਼ਚਿਤ ਕਰਨ ਲਈ ਕੰਮ ਕੀਤਾ ਹੈ ਕੈਨੇਡਾ ਵਿੱਚ ਉਪਲਬਧ ਚਾਰੋ ਵੈਕਸੀਨਾਂ ਸੁਰੱਖਿਅਤ ਹਨ। ਉਹ ਕਿਸੇ ਵੀ ਵਿਰਲੇ ਮਾੜੇ ਪ੍ਰਭਾਵਾਂ ਦੀ ਪਛਾਣ ਕਰਨ ਲਈ ਵੈਕਸੀਨ ਦੀ ਸੁਰੱਖਿਆ ਦੀ ਨਿਰੰਤਰ ਨਿਗਰਾਨੀ ਕਰਦੇ ਰਹਿੰਦੇ ਹਨ। ਇਸ ਪ੍ਰਕਿਰਿਆ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲਦੀ ਹੈ ਕਿ ਅਸੀਂ ਵੈਕਸੀਨ ਦੀ ਸੁਰੱਖਿਅਤ ਅਤੇ ਪ੍ਰਭਾਵੀ ਸਪਲਾਈ ਬਣਾ ਕੇ ਰੱਖੀਏ।
- ਲੱਖਾਂ ਲੋਕਾਂ ਦੁਆਰਾ ਵੈਕਸੀਨਾਂ ਪ੍ਰਾਪਤ ਕਰਨ ਤੋਂ ਬਾਅਦ, ਇਹ ਪਤਾ ਲੱਗਾ ਕਿ AstraZeneca ਅਤੇ Janssen ਵੈਕਸੀਨਾਂ ਇੱਕ ਵਿਰਲੀ ਪਰ ਗੰਭੀਰ ਖ਼ੂਨ ਦੀ ਗੜਬੜੀ ਦਾ ਕਾਰਨ ਬਣ ਸਕਦੀਆਂ ਹਨ ਜਿਸ ਨੂੰ ਵੈਕਸੀਨ ਕਾਰਨ ਹੋਣ ਵਾਲੀ ਥ੍ਰੋਮੋਬੋਟਿਕ ਥ੍ਰੋਮੋਬਸਾਈਟੋਪੇਨੀਆ (VITT) ਕਿਹਾ ਜਾਂਦਾ ਹੈ। ਇਸਦੇ ਕਾਰਨ ਖ਼ੂਨ ਦੇ ਥੱਕੇ ਬਣ ਸਕਦੇ ਹਨ, ICU ਵਿੱਚ ਦਾਖਲ ਹੋਣਾ ਪੈ ਸਕਦਾ ਹੈ ਅਤੇ ਇੱਥੇਂ ਤਕ ਕਿ ਮੌਤ ਵੀ ਹੋ ਸਕਦੀ ਹੈ। ਹਾਲਾਂਕਿ, ਸੁਰੱਖਿਆ ਨਿਗਰਾਨੀ ਇੰਨੀ ਸਖ਼ਤ ਹੈ ਕਿ ਵਿਗਿਆਨੀ ਇਸ ਵਿਰਲੇ ਮਾੜੇ ਪ੍ਰਭਾਵ ਨੂੰ ਦੇਖ ਸਕੇ ਸਨ ਅਤੇ ਹੁਣ ਡਾਕਟਰ ਇਸ ਨੂੰ ਪਛਾਣ ਕੇ ਇਸਦਾ ਇਲਾਜ ਕਰ ਸਕਦੇ ਹਨ।

### ਕੀ ਇੱਕ ਤੋਂ ਵੱਧ ਕੋਵਿਡ-19 ਵੈਕਸੀਨਾਂ ਹਨ?

- ਦੁਨੀਆ ਭਰ ਵਿੱਚ ਬਹੁਤ ਸਾਰੀਆਂ ਵੈਕਸੀਨਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਇਸ ਸਮੇਂ, ਕੈਨੇਡਾ ਵਿੱਚ ਚਾਰ ਵੈਕਸੀਨਾਂ ਨੂੰ ਪ੍ਰਵਾਨਿਤ ਕੀਤਾ ਗਿਆ ਹੈ: The Pfizer-BioNTech, Moderna, AstraZeneca, ਅਤੇ Janssen (Johnson & Johnson) ਵੈਕਸੀਨਾਂ। ਹੋ ਸਕਦਾ ਹੈ ਵੈਕਸੀਨਾਂ ਥੋੜ੍ਹੇ ਵੱਖਰੇ ਤਰੀਕਿਆਂ ਵਿਕਸਤ ਕੀਤੀਆਂ ਗਈਆਂ ਹੋਣ ਅਤੇ ਵੱਖਰੇ ਤਰੀਕੇ ਨਾਲ ਕੰਮ ਕਰਨ, ਪਰ ਇਹ ਸਾਰੀਆਂ ਕੋਵਿਡ-19 ਕਾਰਨ ਤੁਹਾਨੂੰ ਮੌਤ ਅਤੇ ਹਸਪਤਾਲ ਵਿੱਚ ਦਾਖਲ ਹੋਣ ਤੋਂ ਬਚਾਉਣਗੀਆਂ।

*ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ “ਵੈਕਸੀਨ” ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ

## Pfizer-BioNTech, Moderna, AstraZeneca Janssen (Johnson & Johnson) ਵੈਕਸੀਨਾਂ ਵਿਚਕਾਰ ਕੀ ਫਰਕ ਹੈ?

| ਵੈਕਸੀਨ ਦਾ ਨਾਮ | Pfizer-BioNTech | Moderna | AstraZeneca | Johnson & Johnson |
|---|---|---|---|---|
| ਵੈਕਸੀਨ ਦੀ ਕਿਸਮ | mRNA | mRNA | ਐਡਿਨੋਵਾਇਰਸ-ਅਧਾਰਤ | ਐਡਿਨੋਵਾਇਰਸ-ਅਧਾਰਤ |
| ਉਮਰ ਦੀ ਯੋਗਤਾ | 12 ਅਤੇ ਵੱਡੇ | 18 ਅਤੇ ਵੱਡੇ | 18 ਅਤੇ ਵੱਡੇ | 18 ਅਤੇ ਵੱਡੇ |
| ਲੋੜੀਂਦੀਆਂ ਖੁਰਾਕਾਂ | 2 ਖੁਰਾਕਾਂ | 2 ਖੁਰਾਕਾਂ | 2 ਖੁਰਾਕਾਂ | 1 ਖੁਰਾਕ |

## mRNA ਵੈਕਸੀਨ ਕੀ ਹੈ?

- Pfizer-BioNTech ਅਤੇ Moderna, mRNA ਵੈਕਸੀਨਾਂ ਹਨ।
- mRNA ‘ਤੇ ਖੋਜ ਨਵੀਂ ਨਹੀਂ ਹੈ। ਇਸ ‘ਤੇ ਦਹਾਕਿਆਂ ਤੋਂ ਖੋਜ ਕੀਤੀ ਗਈ ਹੈ।
- mRNA ਤੁਹਾਡੇ ਸੈੱਲਾਂ ਨੂੰ ਐਂਟੀਬਾਡੀਜ਼ ਬਣਾਉਣ ਦੀ ਵਿਧੀ ਦਿੰਦਾ ਹੈ ਜੋ ਕੋਵਿਡ-19 ਵਾਇਰਸ ਨਾਲ ਲੜਦੇ ਹਨ।
- ਵਿਗਿਆਨੀਆਂ ਨੇ ਕੋਵਿਡ-19 ਵਾਇਰਸ ‘ਤੇ ਮੌਜੂਦ “ਸਪਾਈਕ ਪ੍ਰੋਟੀਨ” ਦੀ ਪਛਾਣ ਕੀਤੀ। ਫਿਰ ਉਹਨਾਂ ਨੇ ਤੁਹਾਡੇ ਸਰੀਰ ਨੂੰ ਇਹ ਦੱਸਣ ਲਈ mRNA ਵੈਕਸੀਨ ਬਣਾਈ ਕਿ ਉਹ ਸਪਾਈਕ ਪ੍ਰੋਟੀਨ ਕਿਵੇਂ ਬਣਾਉਣਾ ਹੈ।
- ਜਦੋਂ ਤੁਹਾਨੂੰ ਵੈਕਸੀਨ ਦਿੱਤੀ ਜਾਂਦੀ ਹੈ, ਇਹ ਤੁਹਾਡੇ ਸੈੱਲਾਂ ਨੂੰ ਨੁਕਸਾਨ ਰਹਿਤ ਸਪਾਈਕ ਪ੍ਰੋਟੀਨ ਬਣਾਉਣ ਦੀ ਹਦਾਇਤ ਦਿੰਦਾ ਹੈ। ਫਿਰ ਤੁਹਾਡੀ ਪ੍ਰਤਿਰੱਖਿਆ ਪ੍ਰਣਾਲੀ ਇਸ ਨਾਲ ਲੜਨ ਲਈ ਐਂਟੀਬਾਡੀਜ਼ ਬਣਾਏਗੀ। ਜੇ ਤੁਸੀਂ ਕੋਵਿਡ-19 ਵਾਇਰਸ ਦੇ ਸੰਪਰਕ ਵਿੱਚ ਆਉਂਦੇ ਹੋ, ਤਾਂ ਤੁਹਾਡਾ ਸਰੀਰ ਜਾਣਦਾ ਹੋਵੇਗਾ ਕਿ ਇਸ ਨਾਲ ਕਿਵੇਂ ਲੜਨਾ ਹੈ। ਇਹੀ ਕਾਰਨ ਹੈ ਕਿ ਤੁਹਾਨੂੰ ਵੈਕਸੀਨ ਲਗਵਾਉਣ ਤੋਂ ਬਾਅਦ ਮਾਸਪੇਸ਼ੀ ਵਿੱਚ ਦਰਦ, ਬੁਖ਼ਾਰ ਅਤੇ ਹੋਰ ਹਲਕੇ ਮਾੜੇ ਪ੍ਰਭਾਵ ਹੋ ਸਕਦੇ ਹਨ।
- ਹੁਣ ਤੁਹਾਡੀ ਪ੍ਰਤਿਰੱਖਿਆ ਪ੍ਰਣਾਲੀ ਵਾਇਰਸ ਨੂੰ ਯਾਦ ਰੱਖੇਗੀ। ਜੇ ਤੁਸੀਂ ਕੋਵਿਡ-19 ਵਾਇਰਸ ਦੇ ਸੰਪਰਕ ਵਿੱਚ ਆਉਂਦੇ ਹੋ, ਤਾਂ ਤੁਹਾਡਾ ਸਰੀਰ ਇਸ ਨੂੰ ਪਛਾਣ ਲਵੇਗਾ ਅਤੇ ਜਾਣਦਾ ਹੋਵੇਗਾ ਕਿ ਤੁਹਾਨੂੰ ਬਿਮਾਰ ਕੀਤੇ ਬਿਨਾਂ ਇਸ ਨਾਲ ਕਿਵੇਂ ਲੜਨਾ ਹੈ।
- ਵੈਕਸੀਨ ਕਰਕੇ ਤੁਹਾਨੂੰ ਕੋਵਿਡ-19 ਨਹੀਂ ਹੁੰਦਾ ਹੈ।

## ਐਡਿਨੋਵਾਇਰਸ-ਅਧਾਰਤ ਵੈਕਸੀਨ ਕੀ ਹੁੰਦੀ ਹੈ?

- AstraZeneca, ਅਤੇ Janssen (Johnson & Johnson) ਐਡਿਨੋਵਾਇਰਸ ਅਧਾਰਤ ਵੈਕਸੀਨਾਂ ਹਨ।
- ਐਡਿਨੋਵਾਇਰਸ ਆਮ ਵਾਇਰਸ ਹਨ ਜੋ ਠੰਡ ਵਰਗੇ ਲੱਛਣਾਂ ਦਾ ਕਾਰਨ ਬਣ ਸਕਦੇ ਹਨ।
- ਐਡਿਨੋਵਾਇਰਸ ਅਧਾਰਤ ਟੀਕਿਆਂ ਦਾ ਕਈ ਦਹਾਕਿਆਂ ਤੋਂ ਅਧਿਐਨ ਕੀਤਾ ਗਿਆ ਹੈ। ਉਹ ਹੋਰ ਵਾਇਰਸਾਂ ਦੇ ਜੀਨ (DNA) ਪ੍ਰਦਾਨ ਕਰਨ ਲਈ ਵਰਤੇ ਜਾਂਦੇ ਹਨ ਅਤੇ ਤੁਹਾਡੇ ਸਰੀਰ ਦੇ ਸੈੱਲਾਂ ਨੂੰ ਐਂਟੀਬਾਡੀ ਬਣਾਉਣ ਲਈ ਨਿਰਦੇਸ਼ ਦਿੰਦੇ ਹਨ, ਪਰ ਉਹ ਬਿਮਾਰੀ ਦਾ ਕਾਰਨ ਨਹੀਂ ਬਣਦੇ ਹਨ।
- ਕੋਵਿਡ-19 ਵੈਕਸੀਨ ਲਈ, ਖੋਜਕਰਤਾਵਾਂ ਨੇ ਇੱਕ ਜੀਨ ਨੂੰ ਕੋਵਿਡ-19 ਵਾਇਰਸ ਤੋਂ ਜੀਨ ਨਾਲ ਬਦਲ ਦਿੱਤਾ।
- ਐਡਿਨੋਵਾਇਰਸ ਵੈਕਸੀਨ ਨੁਕਸਾਨਰਹਿਤ ਕੋਵਿਡ-19 ਵਾਇਰਸ ਦਾ ਸਪਾਈਕ ਪ੍ਰੋਟੀਨ ਬਣਾਉਂਦੀ ਹੈ, ਜੋ ਤੁਹਾਡੇ ਸਰੀਰ ਦੀ ਪ੍ਰਤਿਰੱਖਿਆ ਪ੍ਰਣਾਲੀ ਨੂੰ ਵਾਇਰਸ ਨਾਲ ਲੜਨ ਲਈ ਐਂਟੀਬਾਡੀ ਬਣਾਉਣ ਦਾ ਨਿਰਦੇਸ਼ ਦਿੰਦਾ ਹੈ।

*(ਪੰਨਾ 3 'ਤੇ ਜਾਰੀ)*

*ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ “ਵੈਕਸੀਨ” ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ

*(ਪੰਨਾ 2 ਤੋਂ ਜਾਰੀ)*

- ਇਹੀ ਕਾਰਨ ਹੈ ਕਿ ਤੁਹਾਨੂੰ ਵੈਕਸੀਨ ਲਗਵਾਉਣ ਤੋਂ ਬਾਅਦ ਜਲਦੀ ਹੀ ਮਾਸਪੇਸ਼ੀ ਵਿੱਚ ਦਰਦ, ਬੁਖ਼ਾਰ ਅਤੇ ਹੋਰ ਹਲਕੇ ਮਾੜੇ ਪ੍ਰਭਾਵ ਹੋ ਸਕਦੇ ਹਨ।
- ਹੁਣ ਤੁਹਾਡੀ ਪ੍ਰਤਿਰੱਖਿਆ ਪ੍ਰਣਾਲੀ ਕੋਵਿਡ-19 ਵਾਇਰਸ ਨੂੰ ਯਾਦ ਰੱਖਦੀ ਹੈ। ਜੇ ਤੁਹਾਨੂੰ ਕੋਵਿਡ-19 ਹੋ ਜਾਂਦਾ ਹੈ, ਤਾਂ ਤੁਹਾਡੀ ਪ੍ਰਤਿਰੱਖਿਆ ਪ੍ਰਣਾਲੀ ਵਾਇਰਸ ਨੂੰ ਜਾਣਦੀ ਹੋਵੇਗੀ ਅਤੇ ਤੁਹਾਨੂੰ ਬੀਮਾਰ ਕੀਤੇ ਬਿਨਾਂ ਇਸ ਨਾਲ ਲੜੇਗੀ।
- ਵੈਕਸੀਨ ਕਰਕੇ ਤੁਹਾਨੂੰ ਕੋਵਿਡ-19 ਨਹੀਂ ਹੁੰਦਾ ਹੈ।

## ਕੀ ਉੱਚ ਕਾਰਗਰੀ ਦਰ ਵਾਲੀਆਂ ਵੈਕਸੀਨਾਂ ਘੱਟ ਕਾਰਗਰੀ ਦਰ ਵਾਲੀਆਂ ਵੈਕਸੀਨਾਂ ਨਾਲੋਂ ਬਿਹਤਰ ਹਨ?

- ਵੈਕਸੀਨ ਕਾਰਗਰੀ ਇੱਕ ਸ਼ਬਦ ਹੈ ਜੋ ਕਲੀਨਿਕਲ ਅਧਿਐਨਾਂ ਵਿੱਚ ਵਰਤਿਆ ਜਾਂਦਾ ਹੈ। ਇਹ ਨਿਯੰਤ੍ਰਿਤ ਸਥਿਤੀਆਂ ਅਧੀਨ ਟੀਕਾਕਰਨ ਨਾ ਕੀਤੇ (ਪਲੇਸਿਬੋ ਸਮੂਹ) ਲੋਕਾਂ ਦੀ ਤੁਲਨਾ ਵਿੱਚ ਟੀਕਾਕਰਨ ਕੀਤੇ (ਇਲਾਜ ਸਮੂਹ) ਵਾਲੇ ਲੋਕਾਂ ਵਿੱਚ ਕੋਵਿਡ-19 ਮਾਮਲਿਆਂ ਵਿੱਚ ਗਿਰਾਵਟ ਬਾਰੇ ਦੱਸਦਾ ਹੈ।
- ਪ੍ਰਭਾਵਸ਼ੀਲਤਾ ਕਾਰਗਰੀ ਤੋਂ ਵੱਖਰੀ ਹੁੰਦੀ ਹੈ - ਪ੍ਰਭਾਵਸ਼ੀਲਤਾ ਦਾ ਮਤਲਬ ਹੈ ਕਿ ਕੋਈ ਵੈਕਸੀਨ ਅਸਲ ਸੰਸਾਰ ਵਿੱਚ ਕਿੰਨੀ ਚੰਗੀ ਤਰ੍ਹਾਂ ਕੰਮ ਕਰਦੀ ਹੈ, ਕਲੀਨਿਕਲ ਪਰੀਖਣ ਵਿੱਚ ਨਹੀਂ।
- ਚਾਰੋ ਵੈਕਸੀਨਾਂ ਕੋਵਿਡ-19 ਕਾਰਨ ਹਸਪਤਾਲ ਵਿੱਚ ਦਾਖਲ ਹੋਣ ਅਤੇ ਮੌਤ ਨੂੰ ਰੋਕਣ ਵਿੱਚ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਹਨ।
- ਚਾਰੋ ਵੈਕਸੀਨਾਂ ਤੁਹਾਨੂੰ ਕੋਵਿਡ-19 ਕਾਰਨ ਗੰਭੀਰ ਲੱਛਣਾਂ, ਹਸਪਤਾਲ ਵਿੱਚ ਦਾਖਲੇ ਅਤੇ ਮੌਤ ਤੋਂ ਬਚਾਉਂਦੀਆਂ ਹਨ।
- ਤੁਹਾਨੂੰ ਵੱਖ-ਵੱਖ ਕਾਰਗਰੀਆਂ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ ਕਿਉਂਕਿ ਅਧਿਐਨ ਦਰਸਾਉਂਦੇ ਹਨ ਕਿ ਹਰ ਉਹ ਵਿਅਕਤੀ ਜਿਸ ਨੂੰ ਟੀਕਾ ਲਗਾਇਆ ਗਿਆ ਹੈ ਉਹ ਕੋਵਿਡ-19 ਦੇ ਸਭ ਤੋਂ ਭੈੜੇ ਲੱਛਣਾਂ ਤੋਂ ਸੁਰੱਖਿਅਤ ਹੈ।

## ਕੁਝ ਵੈਕਸੀਨਾਂ ਨਾਲ ਜੁੜੇ ਖ਼ੂਨ ਦੇ ਥੱਕੇ ਬਣਨ ਬਾਰੇ ਕੀ ਰਾਏ ਹੈ?

- VITT ਇੱਕ ਬਹੁਤ ਹੀ ਵਿਰਲੀ ਪਰ ਗੰਭੀਰ ਖ਼ੂਨ ਦੀ ਗੜਬੜੀ ਹੈ ਜੋ AstraZeneca ਜਾਂ Janssen ਵੈਕਸੀਨ ਲਗਵਾਉਣ ਤੋਂ ਚਾਰ ਤੋਂ 28 ਦਿਨਾਂ ਬਾਅਦ ਵਿਕਸਿਤ ਹੋ ਸਕਦੀ ਹੈ। VITT Pfizer ਜਾਂ Moderna ਵੈਕਸੀਨਾਂ ਨਾਲ ਨਹੀਂ ਜੁੜੀ ਹੋਈ ਹੈ।
- ਜਿਨ੍ਹਾਂ ਲੋਕਾਂ ਨੂੰ ਹੈਪਰੀਨ ਕਰਕੇ ਹੋਣ ਵਾਲੀ ਥ੍ਰੋਮੋਬਸਾਈਟੋਪੇਨੀਆ (HIT) ਨਾਮਕ ਗੜਬੜੀ ਹੋਈ ਸੀ ਜਾਂ ਜਿਨ੍ਹਾਂ ਨੂੰ ਸੇਰੇਬ੍ਰਲ ਸਾਈਨਸ ਵੇਨ ਥ੍ਰੋਮੋਬਸਿਸ ਹੋਇਆ ਸੀ ਉਹਨਾਂ ਨੂੰ VITT ਹੋਣ ਦਾ ਵਧੇਰੇ ਜੋਖਮ ਹੋ ਸਕਦਾ ਹੈ। ਇਸ ਵਿਗਾੜ ਦੇ ਕਾਰਨ ਕੁਝ ਖ਼ਾਸ ਕਿਸਮ ਦੇ ਖ਼ੂਨ ਦੇ ਥੱਕੇ ਬਣ ਸਕਦੇ ਹਨ, ICU ਵਿੱਚ ਦਾਖਲ ਹੋਣਾ ਪੈ ਸਕਦਾ ਹੈ ਅਤੇ ਇੱਥੋਂ ਤੱਕ ਕਿ ਮੌਤ ਵੀ ਹੋ ਸਕਦੀ ਹੈ।
- ਕੋਵਿਡ-19 ਕਾਰਨ ਵੀ ਖ਼ੂਨ ਦੇ ਥੱਕੇ ਬਣ ਸਕਦੇ ਹਨ, ICU ਵਿੱਚ ਦਾਖਲ ਹੋਣਾ ਪੈ ਸਕਦਾ ਹੈ ਅਤੇ ਮੌਤ ਹੋ ਸਕਦੀ ਹੈ। ਕੁਝ ਮਾਮਲਿਆਂ ਵਿੱਚ, AstraZeneca ਜਾਂ Janssen ਵੈਕਸੀਨ ਤੋਂ ਸਿਹਤ ਸਮੱਸਿਆਵਾਂ ਪੈਦਾ ਹੋਣ ਦਾ ਜੋਖਮ ਕੋਵਿਡ-19 ਕਰਕੇ ਹੋਣ ਵਾਲੀ ਗੰਭੀਰ ਪੇਚੀਦਗੀ ਦੇ ਜੋਖਮ ਨਾਲੋਂ ਬਹੁਤ ਘੱਟ ਹੋ ਸਕਦਾ ਹੈ। ਆਪਣੇ ਜੋਖਮਾਂ ਬਾਰੇ ਜਾਣਕਾਰੀ ਲੈਣ ਅਤੇ ਇਹ ਨਿਰਧਾਰਤ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਕਿ ਇਹ ਵੈਕਸੀਨਾਂ ਲੈਣੀਆਂ ਹਨ।
- AstraZeneca ਵੈਕਸੀਨ ਦੇ ਨਾਲ VITT ਦੇ ਵੱਧ ਜੋਖਮ ਦੇ ਕਾਰਨ, ਓਨਟੈਰੀਓ ਸਰਕਾਰ ਨੇ ਇਸ ਖਾਸ ਵੈਕਸੀਨ ਦੀ ਪਹਿਲੀ ਖੁਰਾਕ ਦੇਣ ਨੂੰ ਰੋਕਣ ਦਾ ਫੈਸਲਾ ਕੀਤਾ ਹੈ। ਜੇ ਤੁਸੀਂ ਪਹਿਲਾਂ ਹੀ ਆਪਣੀ ਪਹਿਲੀ ਖੁਰਾਕ ਲੈ ਚੁੱਕੇ ਹੋ, ਤਾਂ ਇਹ ਜਾਣ ਲਵੋ ਕਿ ਤੁਸੀਂ ਬਹੁਤ ਪ੍ਰਭਾਵਸ਼ਾਲੀ ਵੈਕਸੀਨ ਲਗਵਾਈ ਹੈ। ਤੁਹਾਨੂੰ ਹਾਲੇ ਵੀ ਤੁਹਾਡੀ ਦੂਜੀ ਖੁਰਾਕ ਵਜੋਂ AstraZeneca ਮਿਲ ਸਕਦੀ ਹੈ, ਜਾਂ ਤੁਹਾਨੂੰ ਆਪਣੀ ਦੂਜੀ ਖੁਰਾਕ ਲਈ ਵੱਖਰੀ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ।

***ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ "ਵੈਕਸੀਨ" ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ**

## ਮੈਨੂੰ AstraZeneca ਵੈਕਸੀਨ ਦੀ ਮੇਰੀ ਪਹਿਲੀ ਖੁਰਾਕ ਮਿਲੀ ਹੈ। ਹੁਣ ਜਦੋਂ ਓਨਟੈਰੀਓ ਨੇ ਇਸ ਖਾਸ ਵੈਕਸੀਨ ਨੂੰ ਰੋਕ ਦਿੱਤਾ ਹੈ, ਮੇਰੀ ਦੂਜੀ ਖੁਰਾਕ ਦਾ ਕੀ ਹੋਵੇਗਾ?

- ਸਭ ਤੋਂ ਤਾਜ਼ੇ ਜੋਖਮ ਮੁਲਾਂਕਣ ਅਤੇ Pfizer ਅਤੇ Moderna ਵੈਕਸੀਨਾਂ ਦੀ ਵੱਧ ਰਹੀ ਉਪਲਬਧਤਾ ਦੇ ਅਧਾਰ 'ਤੇ, ਓਨਟੈਰੀਓ ਨੇ AstraZeneca ਵੈਕਸੀਨ ਦੀ ਪਹਿਲੀ ਖੁਰਾਕ ਦੇਣ ਨੂੰ ਰੋਕਣ ਦਾ ਫੈਸਲਾ ਕੀਤਾ ਹੈ।
- AstraZeneca ਵੈਕਸੀਨ ਹਾਲੇ ਵੀ ਬਹੁਤ ਪ੍ਰਭਾਵਸ਼ਾਲੀ ਹੈ, ਪਰ ਇਸ ਨਾਲ ਬਹੁਤ ਵਿਰਲੀ ਖ਼ੂਨ ਦੇ ਗੜਬੜੀ ਦਾ ਜੋਖਮ ਹੈ ਜੋ ਪਹਿਲੀ ਖੁਰਾਕ ਮਿਲਣ ਤੋਂ ਚਾਰ ਤੋਂ 28 ਦਿਨਾਂ ਬਾਅਦ ਵਿਕਸਿਤ ਹੋ ਸਕਦਾ ਹੈ।
- ਜੇ ਤੁਸੀਂ ਪਹਿਲੀ ਖੁਰਾਕ ਲਈ ਸੀ, ਤਾਂ ਇਹ ਜਾਣ ਲਵੋ ਕਿ ਤੁਸੀਂ ਕੋਵਿਡ-19 ਤੋਂ ਜ਼ਿਆਦਾ ਬਿਮਾਰ ਹੋਣ ਤੋਂ ਸੁਰੱਖਿਅਤ ਹੋ COVID-19. ਤੁਹਾਡੀ ਦੂਜੀ ਖੁਰਾਕ ਲਈ, ਤੁਹਾਨੂੰ AstraZeneca ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ, ਜਾਂ ਤੁਹਾਨੂੰ ਇਸ ਦੀ ਬਜਾਏ Pfizer ਜਾਂ Moderna ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਹੋਰ ਸੇਧ ਮਿਲਣ 'ਤੇ ਅਸੀਂ ਇਹਨਾਂ ਅਕਸਰ ਪੁੱਛੇ ਜਾਂਦੇ ਸਵਾਲਾਂ ਨੂੰ ਅਪਡੇਟ ਕਰਾਂਗੇ।

## VITT ਦੇ ਲੱਛਣ ਕੀ ਹਨ?

- ਵੈਕਸੀਨ ਲਗਵਾਉਣ ਤੋਂ ਬਾਅਦ ਥੱਕੇ ਮਹਿਸੂਸ ਕਰਨਾ ਜਾਂ ਟੀਕਾ ਲੱਗਣ ਵਾਲੀ ਥਾਂ 'ਤੇ ਦਰਦ ਹੋਣਾ ਆਮ ਗੱਲ ਹੈ। ਇਹ VITT ਦੇ ਸੰਕੇਤ ਨਹੀਂ ਹਨ। ਜੇ ਤੁਹਾਨੂੰ AstraZeneca ਵੈਕਸੀਨ ਦੀ ਤੁਹਾਡੀ ਪਹਲਿੀ ਖੁਰਾਕ ਚਾਰ ਤੋਂ 28 ਦਨਿ ਪਹਲਿਾਂ ਮਲਿੀ ਹੈ, ਤਾਂ ਤੁਸੀਂ ਹੁਣ ਉਹਨਾਂ ਲੱਛਣਾਂ ਤੋਂ ਜਾਣੂ ਹੋਵੋਗੇ ਜੋ VITT ਦਾ ਸੰਕੇਤ ਹੋ ਸਕਦੇ ਹਨ। ਆਪਣੀ AstraZeneca ਵੈਕਸੀਨ ਦੇ ਚਾਰ ਤੋਂ 28 ਦਨਿਾਂ ਬਾਅਦ ਜੇ ਤੁਸੀਂ ਹੇਠ ਦਤਿੱੇ ਲੱਛਣਾਂ ਦਾ ਅਨੁਭਵ ਕਰਦੇ ਹੋ, ਤਾਂ ਨੇੜਲੇ ਦੇ ਐਮਰਜੈਂਸੀ ਰੂਮ ਵਚਿੱ ਜਾਓ:
  - ਗੰਭੀਰ ਸਿਰ-ਦਰਦ ਜੋ ਠੀਕ ਨਹੀਂ ਹੁੰਦਾ ਹੈ
  - ਦੌਰੇ
  - ਤੁਹਾਡੇ ਸਰੀਰ ਦੇ ਹਿੱਸੇ ਨੂੰ ਹਿਲਾਉਣ ਵਿੱਚ ਮੁਸ਼ਕਲ
  - ਨਵੀਂ ਧੁੰਦਲੀ ਜਾਂ ਦੋਹਰੀ ਨਜ਼ਰ ਜੋ ਦੂਰ ਨਹੀਂ ਹੁੰਦੀ
  - ਬੋਲਣ ਵਿੱਚ ਮੁਸ਼ਕਲ
  - ਸਾਹ ਚੜ੍ਹਨਾ
  - ਛਾਤੀ, ਪਿੱਠ ਜਾਂ ਪੇਟ ਦਾ ਗੰਭੀਰ ਦਰਦ
  - ਅਸਧਾਰਨ ਖ਼ੂਨ ਵਗਣਾ ਜਾਂ ਨੀਲ ਪੈਣੇ
  - ਨਵੇਂ ਲਾਲ ਜਾਂ ਜਾਮਨੀ ਚਟਾਕ ਜਾਂ ਖ਼ੂਨ ਵਾਲੇ ਛਾਲੇ
  - ਨਵੀਂ ਗੰਭੀਰ ਸੋਜ, ਦਰਦ ਜਾਂ ਤੁਹਾਡੇ ਹੱਥ ਜਾਂ ਲੱਤ ਦੇ ਰੰਗ ਵਿੱਚ ਤਬਦੀਲੀ।

## ਜੇ ਮੈਂ ਫਲੂ ਦਾ ਟੀਕਾ ਲਗਵਾਇਆ ਹੈ, ਤਾਂ ਕੀ ਮੈਂ ਤਾਂ ਵੀ ਕੋਵਿਡ-19 ਵੈਕਸੀਨ ਲੈ ਸਕਦਾ/ਸਕਦੀ ਹਾਂ?

- ਹਾਂ, ਤੁਸੀਂ ਕੋਵਿਡ-19 ਵੈਕਸੀਨ ਲੈ ਸਕਦੇ ਹੋ ਭਾਵੇਂ ਤੁਸੀਂ ਫਲੂ ਦਾ ਟੀਕਾ ਲਗਵਾਇਆ ਹੈ। ਦੋਵੇਂ ਲੈਣ ਨਾਲ ਕੋਈ ਸਮੱਸਿਆ ਨਹੀਂ ਹੋਵੇਗੀ। ਫਲੂ ਦਾ ਟੀਕਾ ਤੁਹਾਨੂੰ ਫਲੂ ਦੇ ਵਾਇਰਸ ਤੋਂ ਬਚਾਉਣ ਵਿੱਚ ਮਦਦ ਕਰਦਾ ਹੈ, ਜੋ ਕਿ ਕੋਵਿਡ-19 ਤੋਂ ਵੱਖਰੀ ਕਿਸਮ ਦਾ ਵਾਇਰਸ ਹੈ। ਹਾਲਾਂਕਿ, ਜੇ ਤੁਸੀਂ ਹਾਲ ਹੀ ਵਿੱਚ ਫਲੂ ਦਾ ਟੀਕਾ ਜਾਂ ਕੋਈ ਹੋਰ ਵੈਕਸੀਨ ਲਗਵਾਈ ਸੀ, ਤਾਂ ਤੁਹਾਨੂੰ ਕੋਵਿਡ-19 ਵੈਕਸੀਨ ਲੈਣ ਤੋਂ ਪਹਿਲਾਂ ਘੱਟੋ-ਘੱਟ 14 ਦਿਨ (2 ਹਫ਼ਤੇ) ਉਡੀਕ ਕਰਨੀ ਪਵੇਗੀ।

## ਕੀ ਵੈਕਸੀਨ ਕੋਵਿਡ-19 ਪ੍ਰਤੀ ਮੇਰੀ ਪ੍ਰਤਿਰੱਖਿਆ ਸ਼ਕਤੀ ਨੂੰ ਵਧਾਏਗੀ ਅਤੇ ਕੀ ਮੈਂ ਹਾਲੇ ਵੀ ਇਸ ਨੂੰ ਦੂਜਿਆਂ ਤਕ ਫੈਲਾ ਸਕਦਾ/ਸਕਦੀ ਹਾਂ?

- ਹਾਂ, ਵੈਕਸੀਨ ਕੋਵਿਡ-19 ਵਾਇਰਸ ਦੇ ਵਿਰੁੱਧ ਤੁਹਾਡੀ ਪ੍ਰਤਿਰੱਖਿਆ ਨੂੰ ਵਧਾਏਗੀ।
- ਵਿਗਿਆਨੀ ਅਤੇ ਡਾਕਟਰ ਹਾਲੇ ਵੀ ਇਹ ਦੇਖਣ ਲਈ ਧਿਆਨ ਰੱਖ ਰਹੇ ਹਨ ਕਿ ਕੀ ਕੋਵਿਡ-19 ਵੈਕਸੀਨ ਲੈਣ ਵਾਲੇ ਲੋਕ ਹਾਲੇ ਵੀ ਕੋਵਿਡ-19 ਨੂੰ ਦੂਜਿਆਂ ਵਿੱਚ ਫੈਲਾ ਸਕਦੇ ਹਨ।

*ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ "ਵੈਕਸੀਨ" ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ

## ਜੇ ਮੇਰੇ ਕੋਲ ਹੈਲਥ ਕਾਰਡ ਜਾਂ ਹੋਰ ਸਰਕਾਰੀ ਆਈਡੀ ਨਹੀਂ ਹੈ ਤਾਂ ਕੀ ਮੈਨੂੰ ਵੈਕਸੀਨ ਮਿਲ ਸਕਦੀ ਹੈ?

- ਹਾਂ, ਸਿਹਤ ਕਾਰਡ ਜਾਂ ਹੋਰ ਆਈਡੀ ਦੇ ਨਾਲ ਜਾਂ ਇਸਦੇ ਬਿਨਾਂ ਹਰ ਕੋਈ ਇਹ ਵੈਕਸੀਨ (ਜਦੋਂ ਉਪਲਬਧ ਹੋਵੇ) ਪ੍ਰਾਪਤ ਕਰ ਸਕਦਾ ਹੈ।

## ਕੀ ਕਮਜ਼ੋਰ ਪ੍ਰਤਿਰੱਖਿਆ ਵਾਲੇ ਲੋਕਾਂ ਨੂੰ ਕੋਵਿਡ-19 ਵੈਕਸੀਨ ਲੈਣੀ ਚਾਹੀਦੀ ਹੈ?

- ਜਿਨ੍ਹਾਂ ਲੋਕਾਂ ਦੀ ਪ੍ਰਤਿਰੱਖਿਆ ਕਮਜ਼ੋਰ ਹੈ, ਉਹਨਾਂ ਨੂੰ ਕੋਵਿਡ-19 ਹੋਣ ਦਾ ਵੱਧ ਖ਼ਤਰਾ ਹੁੰਦਾ ਹੈ।
- ਕਮਜ਼ੋਰ ਪ੍ਰਤਿਰੱਖਿਆ ਵਾਲੇ ਲੋਕਾਂ ਵਿੱਚ ਗੰਭੀਰ ਕੋਵਿਡ-19 ਦੇ ਉੱਚ ਜੋਖਮ ਦੇ ਕਾਰਨ, ਜੇ ਕੋਈ ਵੈਕਸੀਨ ਨਾ ਲਗਾਏ ਜਾਣ ਦੇ ਕਾਰਨ ਨਾ ਹੋਣ ਤਾਂ ਉਹ ਕੋਵਿਡ-19 ਵੈਕਸੀਨ ਲਗਵਾ ਸਕਦੇ ਹਨ।
- ਇਸ ਤਰ੍ਹਾਂ ਦੇ ਲੋਕਾਂ 'ਤੇ ਹਾਲੇ ਸੀਮਤ ਪ੍ਰਮਾਣ ਹਨ, ਪਰ ਖੋਜਕਰਤਾ ਇਹ ਦੇਖਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਕਮਜ਼ੋਰ ਪ੍ਰਤਿਰੱਖਿਆ ਵਾਲੇ ਲੋਕ ਟੀਕੇ 'ਤੇ ਉਸੇ ਤਰ੍ਹਾਂ ਨਾਲ ਪ੍ਰਤਿਕਿਰਿਆ ਕਰਨਗੇ ਜਿਵੇਂ ਦੂਸਰੇ ਲੋਕ ਕਰਦੇ ਹਨ।
- ਟੀਕਾ ਲਗਵਾਉਣ ਤੋਂ ਪਹਿਲਾਂ ਆਪਣੀ ਸਿਹਤ ਦੇਖਭਾਲ ਟੀਮ ਨਾਲ ਗੱਲ ਕਰਨਾ ਅਤੇ ਆਪਣੇ ਮਾਮਲੇ ਬਾਰੇ ਵਿਚਾਰ-ਵਟਾਂਦਰਾ ਕਰਨਾ ਮਹੱਤਵਪੂਰਨ ਹੈ।

## ਕੋਵਿਡ-19 ਵੈਕਸੀਨ ਮੈਨੂੰ ਵਾਇਰਸ ਤੋਂ ਕਿੰਨਾ ਚਿਰ ਬਚਾਏਗੀ?

- ਇਹ ਜਾਣਨਾ ਬਹੁਤ ਜਲਦੀ ਹੈ ਕਿ ਕੋਵਿਡ-19 ਵੈਕਸੀਨਾਂ ਤੁਹਾਨੂੰ ਕੋਵਿਡ-19 ਤੋਂ ਕਿੰਨਾ ਚਿਰ ਸੁਰੱਖਿਅਤ ਰੱਖਣਗੀਆਂ ਅਤੇ ਕੀ ਤੁਹਾਨੂੰ ਬੂਸਟਰ ਟੀਕੇ ਦੀ ਲੋੜ ਹੋਵੇਗੀ। ਇਸ ਸਵਾਲ ਦਾ ਜਵਾਬ ਦੇਣ ਲਈ ਹੋਰ ਖੋਜ ਕਰਨ ਦੀ ਲੋੜ ਹੈ।
- ਖੋਜ ਦਰਸਾਉਂਦੀ ਹੈ ਕਿ ਉਹ ਲੋਕ ਜੋ ਕੋਵਿਡ-19 ਤੋਂ ਠੀਕ ਹੋ ਗਏ ਹਨ ਉਹਨਾਂ ਨੂੰ ਘੱਟੋ-ਘੱਟ ਕੁਝ ਸਮੇਂ ਲਈ ਦੁਬਾਰਾ ਲਾਗ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ।

## ਕੀ ਮੈਨੂੰ ਸਲਾਨਾ ਅਧਾਰ 'ਤੇ ਵੈਕਸੀਨ ਮਿਲੇਗੀ?

- ਕੋਵਿਡ-19 ਵੈਕਸੀਨ ਨਵੀਂ ਹੈ, ਇਸ ਲਈ ਹਾਲੇ ਇਹ ਪਤਾ ਨਹੀਂ ਲਗ ਸਕਿਆ ਹੈ ਕਿ ਕੀ ਲੋਕਾਂ ਨੂੰ ਹਰ ਸਾਲ ਵੈਕਸੀਨ ਲਗਵਾਉਣ ਦੀ ਲੋੜ ਹੋਏਗੀ। ਇਹ ਫੈਸਲਾ ਕਰਨ ਲਈ ਵਧੇਰੇ ਖੋਜ ਕਰਨ ਦੀ ਲੋੜ ਹੈ।

## ਕੀ ਟੀਕਾ ਕੋਵਿਡ-19 ਦੇ ਹੋਰ ਰੂਪਾਂ ਦੇ ਵਿਰੁੱਧ ਪ੍ਰਭਾਵੀ ਹੈ?

- ਵਿਗਿਆਨੀ ਹਾਲੇ ਵੀ ਪਤਾ ਲਗਾ ਰਹੇ ਹਨ ਕਿ ਕੀ ਵੈਕਸੀਨਾਂ ਕੋਵਿਡ-19 ਦੇ ਬਦਲੇ ਹੋਏ ਰੂਪਾਂ ਦੇ ਵਿਰੁੱਧ ਪ੍ਰਭਾਵੀ ਹਨ। ਹੁਣ ਤੱਕ, ਉਹ ਪ੍ਰਭਾਵੀ ਸਾਬਤ ਹੋਈਆਂ ਹਨ, ਜੋ ਕਿ ਜ਼ਿਆਦਾਤਰ ਆਮ ਕੋਵਿਡ-19 ਰੂਪਾਂ ਲਈ ਵਧੀਆ ਦਿਖਾਈ ਦਿੰਦਾ ਹੈ।
- ਵਾਇਰਸ ਦੇ ਫੈਲਣ ਨੂੰ ਰੋਕਣ ਲਈ ਇਹ ਮਹੱਤਵਪੂਰਨ ਹੈ ਕਿ ਵਧੇਰੇ ਲੋਕ ਟੀਕਾ ਲਗਵਾਉਣ ਕਿਉਂਕਿ ਫੈਲਣ ਨਾਲ ਨਵੇਂ ਰੂਪਾਂ ਵਿੱਚ ਵਾਧਾ ਹੋ ਸਕਦਾ ਹੈ।

## ਤੁਸੀਂ ਕਿਸ ਉਮਰ ਵਿੱਚ ਵੈਕਸੀਨ ਲੈਣ ਲਈ ਸਹਿਮਤੀ ਦੇ ਸਕਦੇ ਹੋ? ਜੇ ਮੈਂ ਇੱਕ ਨਾਬਾਲਗ ਹਾਂ ਤਾਂ?

- ਓਨਟੈਰੀਓ ਵਿੱਚ ਸਿਹਤ ਦੇਖਭਾਲ ਲਈ ਸਹਿਮਤੀ ਦੀ ਕੋਈ ਉਮਰ ਨਹੀਂ ਹੈ (ਸਿਹਤ- ਦੇਖਭਾਲ ਸਹਿਮਤੀ ਅਧਿਨਿਯਮ, 1996)। ਕੋਈ ਵੀ ਯੋਗ ਵਿਅਕਤੀ ਸਿਹਤ ਦੇਖਭਾਲ ਲਈ ਸਹਿਮਤੀ ਦੇ ਸਕਦਾ ਹੈ, ਜਿਸ ਵਿੱਚ ਕੋਵਿਡ-19 ਵੈਕਸੀਨ ਲੈਣਾ ਵੀ ਸ਼ਾਮਲ ਹੈ। ਜੇ ਕੋਈ ਸਿਹਤ ਦੇਖਭਾਲ ਪੇਸ਼ੇਵਰ ਤੁਹਾਨੂੰ ਕੋਵਿਡ-19 ਵੈਕਸੀਨ ਪ੍ਰਾਪਤ ਕਰਨ

*(ਪੰਨਾ 7 'ਤੇ ਜਾਰੀ)*

***ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ "ਵੈਕਸੀਨ" ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ**

*(ਪੰਨਾ 6 ਤੋਂ ਜਾਰੀ)*

ਲਈ ਸਹਿਮਤੀ ਦੇ ਯੋਗ ਨਹੀਂ ਸਮਝਦਾ, ਤਾਂ ਕਾਨੂੰਨੀ ਤੌਰ 'ਤੇ ਅਧਿਕਾਰਤ ਬਦਲਵਾਂ ਫੈਸਲਾ ਕਰਨ ਵਾਲਾ ਵਿਅਕਤੀ ਤੁਹਾਡੇ ਲਈ ਸਹਿਮਤੀ ਦੇ ਸਕਦਾ ਹੈ। ਹਾਲਾਂਕਿ, ਜੇ ਇਸ ਵਿੱਚ ਅਸਹਿਮਤੀ ਹੈ ਅਤੇ ਤੁਸੀਂ, ਨਾਬਾਲਗ, ਯੋਗ ਹੋ, ਤਾਂ ਤੁਹਾਡੀਆਂ ਇੱਛਾਵਾਂ ਦਾ ਸਨਮਾਨ ਕੀਤਾ ਜਾਵੇਗਾ। ਸਹਿਮਤੀ ਲਈ ਸਮਰੱਥਾ ਤੁਹਾਡੀ ਸਿਹਤ ਦੇਖਭਾਲ ਟੀਮ ਦੁਆਰਾ ਇਲਾਜ ਦੇ ਵਿਸ਼ੇਸ਼ ਅਧਾਰ 'ਤੇ ਨਿਰਧਾਰਤ ਕੀਤੀ ਜਾਂਦੀ ਹੈ।

## COVID ਵੈਕਸੀਨਾਂ ਬਾਰੇ ਆਮ ਮਿੱਥ ਕੀ ਹਨ?

| | |
|---|---|
| **ਦਾਅਵਾ** | ਕੋਵਿਡ-19 ਵੈਕਸੀਨ ਵਿੱਚ ਮਾਈਕ੍ਰੋਚਿੱਪ ਟ੍ਰੈਕਿੰਗ ਜਾਂ "ਨੈਨੋਟ੍ਰਾਂਸਡੂਸਰਸ" ਹੁੰਦੇ ਹਨ। |
| **ਤੱਥ** | ਵੈਕਸੀਨ ਵਿੱਚ ਕੋਈ ਮਾਈਕ੍ਰੋਚਿੱਪ ਨਹੀਂ ਹੈ ਅਤੇ ਇਹ ਵੈਕਸੀਨ ਲੋਕਾਂ ਨੂੰ ਟਰੈਕ ਨਹੀਂ ਕਰੇਗੀ ਜਾਂ ਨਿੱਜੀ ਜਾਣਕਾਰੀ ਇਕੱਤਰ ਨਹੀਂ ਕਰੇਗੀ। |

| | |
|---|---|
| **ਦਾਅਵਾ** | ਕੋਵਿਡ-19 ਵੈਕਸੀਨ ਵਿੱਚ ਪਾਰਾ ਹੁੰਦਾ ਹੈ। |
| **ਤੱਥ** | ਮਨਜ਼ੂਰ ਕੀਤੀਆਂ ਗਈਆਂ ਕੋਵਿਡ-19 ਵੈਕਸੀਨਾਂ ਵਿੱਚ ਪਾਰਾ ਸ਼ਾਮਲ ਨਹੀਂ ਹੈ। ਤੁਸੀਂ ਓਨਟਾਰੀਓ ਸਰਕਾਰ ਦੀ "ਕੋਵਿਡ-19 ਵੈਕਸੀਨ ਸੁਰੱਖਿਆ" ਵੈੱਬਸਾਈਟ 'ਤੇ ਵੈਕਸੀਨ ਵਿਚਲੀ ਸਮੱਗਰੀ ਵੀ ਦੇਖ ਸਕਦੇ ਹੋ: covid-19.ontario.ca/covid-19-vaccine-safety#vaccine-ingredients-and-how-they-work |

| | |
|---|---|
| **ਦਾਅਵਾ** | ਕੋਵਿਡ-19 ਵੈਕਸੀਨ ਮੇਰੇ DNA ਨੂੰ ਬਦਲ ਦੇਵੇਗੀ। |
| **ਤੱਥ** | ਵੈਕਸੀਨ ਸਿਰਫ ਪ੍ਰਤਿਰੱਖਿਆ ਵਧਾਏਗੀ ਅਤੇ ਤੁਹਾਡੇ ਸਰੀਰ ਨੂੰ ਦੱਸੇਗੀ ਕਿ ਐਂਟੀਬਾਡੀਜ਼ ਕਿਵੇਂ ਬਣਾਉਣੇ ਹਨ। ਇਹ ਤੁਹਾਡੇ DNA ਨਾਲ ਅੰਤਰਕਿਰਿਆ ਨਹੀਂ ਕਰੇਗੀ ਜਾਂ ਉਸਨੂੰ ਬਦਲੇਗੀ ਨਹੀਂ। |

| | |
|---|---|
| **ਦਾਅਵਾ** | ਕੋਵਿਡ-19 ਵੈਕਸੀਨ ਮਾਨਸਿਕ ਜਾਂ ਤੰਤੂ-ਵਿਗਿਆਨਕ (ਦਿਮਾਗ) ਦੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। |
| **ਤੱਥ** | ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਵੈਕਸੀਨਾਂ ਕਿਸੇ ਮਾਨਸਿਕ ਜਾਂ ਦਿਮਾਗੀ ਬਿਮਾਰੀ ਦਾ ਕਾਰਨ ਬਣਦੀਆਂ ਹਨ। |

| | |
|---|---|
| **ਦਾਅਵਾ** | ਕੋਵਿਡ-19 ਵੈਕਸੀਨ ਬਾਂਝਪਨ ਅਤੇ ਗਰਭਪਾਤ ਦਾ ਕਾਰਨ ਬਣਦੀ ਹੈ। |
| **ਤੱਥ** | ਕੋਵਿਡ-19 ਵੈਕਸੀਨ ਅਤੇ ਬਾਂਝਪਨ ਜਾਂ ਗਰਭਪਾਤ ਵਿਚਕਾਰ ਕੋਈ ਸੰਬੰਧ ਨਹੀਂ ਹੈ। |

*(ਪੰਨਾ 7 'ਤੇ ਜਾਰੀ)*

***ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ "ਵੈਕਸੀਨ" ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ**

(ਪੰਨਾ 6 ਤੋਂ ਜਾਰੀ)

| | |
|---|---|
| **ਦਾਅਵਾ** | ਕੋਵਿਡ-19 ਵੈਕਸੀਨ ਲੈਣ ਤੋਂ ਬਾਅਦ ਤੁਹਾਨੂੰ ਮਾਸਕ ਪਹਿਨਣ ਦੀ ਲੋੜ ਨਹੀਂ ਹੈ। |
| **ਤੱਥ** | ਹਰ ਕਿਸੇ ਨੂੰ ਵੈਕਸੀਨ ਲਗਵਾਉਣ ਵਿੱਚ ਸਮਾਂ ਲੱਗੇਗਾ। ਜਦੋਂ ਤੱਕ ਜ਼ਿਆਦਾਤਰ ਲੋਕਾਂ ਦੇ ਵੈਕਸੀਨ ਨਹੀਂ ਦਿੱਤੀ ਜਾਂਦੀ, ਕੋਵਿਡ-19 ਵਾਇਰਸ ਹਾਲੇ ਵੀ ਇੱਕ ਤੋਂ ਦੂਜੇ ਵਿਅਕਤੀਆਂ ਵਿੱਚ ਜਾ ਸਕਦਾ ਹੈ। ਤੁਹਾਨੂੰ ਜਨਤਕ ਸਿਹਤ ਦੀਆਂ ਸੇਧਾਂ ਦੀ ਪਾਲਣਾ ਕਰਨ ਦੀ ਲੋੜ ਹੈ (ਉਦਾਹਰਨ ਲਈ, ਸਰੀਰਕ ਦੂਰੀ, ਇੱਕ ਮਾਸਕ ਪਾਉਣਾ, ਆਪਣੇ ਹੱਥ ਧੋਣਾ)। |
| **ਦਾਅਵਾ** | ਤੁਸੀਂ ਉਦੋਂ ਤਕ ਉਡੀਕ ਕਰ ਸਕਦੇ ਹੋ ਜਦੋਂ ਤਕ ਝੁੰਡ ਪ੍ਰਤਿਰੱਖਿਆ (ਹਰਡ ਇਮਉਨਿਟੀ) ਨਹੀਂ ਬਣ ਜਾਂਦੀ। |
| **ਤੱਥ** | ਕੋਵਿਡ-19 ਅਤੇ ਵੈਕਸੀਨ ਦੋਵੇਂ ਨਵੇਂ ਹਨ। ਅਸੀਂ ਨਹੀਂ ਜਾਣਦੇ ਕਿ ਲਾਗ ਨਾਲ ਗ੍ਰਸਤ ਹੋਣ ਵਾਲਿਆਂ ਜਾਂ ਵੈਕਸੀਨ ਲੈਣ ਵਾਲੇ ਲੋਕਾਂ ਲਈ ਸੁਰੱਖਿਆ ਕਿੰਨੀ ਦੇਰ ਤੱਕ ਰਹਿੰਦੀ ਹੈ। ਸਾਨੂੰ ਇਹ ਪਤਾ ਹੈ ਕਿ ਕੋਵਿਡ-19 ਬਹੁਤ, ਬਹੁਤ ਸਾਰੇ ਲੋਕਾਂ ਲਈ ਬਹੁਤ ਗੰਭੀਰ ਬਿਮਾਰੀ ਅਤੇ ਮੌਤ ਦਾ ਕਾਰਨ ਬਣਿਆ ਹੈ। ਜੇ ਤੁਹਾਨੂੰ ਕੋਵਿਡ-19 ਹੋ ਜਾਂਦਾ ਹੈ, ਤਾਂ ਤੁਸੀਂ ਇਸ ਨੂੰ ਆਪਣੇ ਪਿਆਰਿਆਂ ਨੂੰ ਦੇਣ ਦਾ ਜੋਖਮ ਵੀ ਲੈਂਦੇ ਹੋ ਜੋ ਬਹੁਤ ਬਿਮਾਰ ਹੋ ਸਕਦੇ ਹਨ। ਕੋਵਿਡ-19 ਵੈਕਸੀਨ ਪ੍ਰਾਪਤ ਕਰਨਾ ਸਭ ਤੋਂ ਸੁਰੱਖਿਅਤ ਵਿਕਲਪ ਹੈ। |
| **ਦਾਅਵਾ** | ਵੈਕਸੀਨ ਕੋਵਿਡ-19 ਦਾ ਇਲਾਜ ਹੈ। |
| **ਤੱਥ** | ਵੈਕਸੀਨ ਕੋਵਿਡ-19 ਰੋਕਥਾਮ ਦਾ ਉਪਾਅ ਹੈ, ਇਸਦਾ ਇਲਾਜ ਨਹੀਂ ਹੈ। ਵੈਕਸੀਨ ਲਗਵਾਉਣ ਨਾਲ ਤੁਹਾਡਾ ਕੋਵਿਡ-19 ਤੋਂ ਬਿਮਾਰ ਹੋਣ ਦਾ ਜੋਖਮ ਘੱਟ ਜਾਵੇਗਾ। |
| **ਦਾਅਵਾ** | ਵੈਕਸੀਨ ਕਾਰਨ ਬੈਲ ਦਾ ਲਕਵਾ ਹੋ ਜਾਵੇਗਾ। |
| **ਤੱਥ** | ਜਿਨ੍ਹਾਂ ਲੋਕਾਂ ਨੂੰ ਬੈਲ ਦਾ ਲਕਵਾ ਹੋਇਆ ਸੀ ਉਹ ਵੈਕਸੀਨ ਲਗਵਾ ਸਕਦੇ ਹਨ। ਬੈਲ ਦੇ ਲਕਵੇ ਦੇ ਰਿਪੋਰਟ ਕੀਤੇ ਗਏ ਮਾਮਲਿਆਂ ਨੂੰ ਕੋਵਿਡ-19 ਵੈਕਸੀਨਾਂ ਨਾਲ ਸੰਬੰਧਿਤ ਨਹੀਂ ਪਾਇਆ ਗਿਆ ਸੀ। |
| **ਦਾਅਵਾ** | ਕੁਝ ਵੈਕਸੀਨਾਂ ਹੋਰਨਾਂ ਦੇ ਮੁਕਾਬਲੇ ਘੱਟ ਪ੍ਰਭਾਵਸ਼ਾਲੀ ਹੁੰਦੀਆਂ ਹਨ। |
| **ਤੱਥ** | ਹਾਲਾਂਕਿ ਕੁਝ ਵੈਕਸੀਨਾਂ ਨੂੰ ਸਧਾਰਨ ਤੌਰ ‘ਤੇ ਕੋਵਿਡ-19 ਵਾਇਰਸ ਹੋਣ ਤੋਂ ਰੋਕਣ ਲਈ ਵਧੇਰੇ ਪ੍ਰਭਾਵਸ਼ਾਲੀ ਪਾਇਆ ਗਿਆ ਹੈ, ਪਰ ਸਾਰੀਆਂ ਪ੍ਰਵਾਨਿਤ ਵੈਕਸੀਨਾਂ ਕੋਵਿਡ-19 ਕਾਰਨ ਮੌਤ ਅਤੇ ਹਸਪਤਾਲ ਵਿੱਚ ਦਾਖਲੇ ਨੂੰ ਰੋਕਣ ਵਿੱਚ 100% ਪ੍ਰਭਾਵੀ ਹਨ। ਇਸਦਾ ਮਤਲਬ ਹੈ ਕਿ ਵੈਕਸੀਨ ਤੁਹਾਨੂੰ ਸਭ ਤੋਂ ਭੈੜੇ ਕੋਵਿਡ-19 ਤੋਂ ਬਚਾਏਗੀ। |

**ਜਿਵੇਂ-ਜਿਵੇਂ ਨਵੇਂ ਸਵਾਲ ਆਉਣਗੇ, ਅਕਸਰ ਪੁੱਛੇ ਜਾਂਦੇ ਸਵਾਲਾਂ ਨੂੰ ਅੱਪਡੇਟ ਕੀਤਾ ਜਾਵੇਗਾ। ਕਿਰਪਾ ਕਰਕੇ ਅਕਸਰ ਦੁਬਾਰਾ ਜਾਂਚ ਕਰਦੇ ਰਹੋ।**

## ਟਿੱਪਣੀਆਂ

**ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ।**

ਇਹ ਜਾਣਕਾਰੀ ਸ਼ੀਟ ਉਹਨਾਂ ਲੋਕਾਂ ਲਈ ਇੱਕ ਸਰੋਤ ਦੇ ਇਰਾਦੇ ਨਾਲ ਨਹੀਂ ਹੈ ਜਿਨ੍ਹਾਂ ਨੂੰ ਕੋਵਿਡ-19 ਦੀ ਸਕ੍ਰੀਨਿੰਗ ਦੀ ਲੋੜ ਹੈ ਜਾਂ ਜੋ ਮਾਨਸਿਕ ਸਿਹਤ ਸੰਕਟ ਦਾ ਸਾਹਮਣਾ ਕਰ ਰਹੇ ਹਨ। ਜੇ ਤੁਸੀਂ ਮਾਨਸਿਕ ਸਿਹਤ ਸੰਕਟ ਦਾ ਸਾਹਮਣਾ ਕਰ ਰਹੇ ਹੋ, ਤਾਂ ਕਿਰਪਾ ਕਰਕੇ ਤੁਰੰਤ 911 'ਤੇ ਕਾਲ ਕਰੋ ਜਾਂ ਆਪਣੇ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਜਾਓ।

ਵਧੇਰੇ ਜਾਣਕਾਰੀ ਲਈ **www.camh.ca/covid19** 'ਤੇ ਜਾਓ

**CAMH ਦੇ ਅਜ਼ਰੀਲੀ ਅਡਲਟ ਨਿਊਰੋਡਵੈਲਪਮੈਂਟਲ ਸੈਂਟਰ (Azrieli Adult Neurodevelopmental Centre) ਦੀ ਆਗਿਆ ਨਾਲ ਢਾਲਿਆ ਗਿਆ**

CV780/ 05-2021